ਬੋਰਡ ਵੱਲੋਂ ਮਿਤੀ 10-06-2013 ਨੂੰ ਲਏ ਨਿਰਣੇ ਅਨੁਸਾਰ ਸਤੰਬਰ 2010 (ਸਮੈਸਟਰ-1), ਮਾਰਚ-2011 (ਸਮੈਸਟਰ-2), ਅਤੇ ਸਤੰਬਰ-2011 (ਸਮੈਸਟਰ-1), ਮਾਰਚ-2012 (ਸਮੈਸਟਰ-2) ਵਿੱਚ ਮੈਟ੍ਰਿਕ/ਬਾਰ੍ਹਵੀਂ ਪਰੀਖਿਆ ਵਿੱਚ ਫ਼ੇਲ/ਰੀਅਪੀਅਰ ਹੋਏ ਪਰੀਖਿਆਰਥੀਆਂ ਨੂੰ ਪਰੀਖਿਆ ਪਾਸ ਕਰਨ ਲਈ ਸਤੰਬਰ 2013 ਵਿੱਚ ਦਿੱਤੇ ਸਪੈਸ਼ਲ ਚਾਂਸ ਦੇ ਨਿਰਣੇ ਦੀ ਲੋਅ ਵਿੱਚ ਹੇਠ ਦਰਜ ਨਿਰਣੇ ਲਏ ਗਏ:

1. ਸਤੰਬਰ 2011 ਵਿੱਚ ਪਹਿਲੀ ਵਾਰ ਮੈਟ੍ਰਿਕ ਦੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀ, ਜੋ ਕਿ ਨਿਰਧਾਰਿਤ ਦੋ ਮੌਕਿਆਂ ਵਿੱਚ ਅਤੇ ਮਾਰਚ 2013 ਵਿੱਚ ਦਿੱਤੇ ਸਪੈਸ਼ਲ ਚਾਂਸ ਅਧੀਨ ਵੀ ਮੈਟ੍ਰਿਕ ਪਰੀਖਿਆ ਪਾਸ ਨਹੀਂ ਕਰ ਸਕੇ, ਪ੍ਰੰਤੂ +1 ਸ਼੍ਰੇਣੀ ਦੀ ਪਰੀਖਿਆ ਸਕੂਲ ਪੱਧਰ ਤੇ ਅਕਾਦਮਿਕ ਸਾਲ 2012-13 ਵਿੱਚ ਪਾਸ ਕਰ ਚੁੱਕੇ ਹਨ:
   - ਇਹਨਾਂ ਵਿਦਿਆਰਥੀਆਂ ਨੂੰ ਬੋਰਡ ਵੱਲੋਂ ਸਤੰਬਰ 2013 ਵਿੱਚ ਦਿੱਤੇ ਸਪੈਸ਼ਲ ਚਾਂਸ ਦੇ ਨਿਰਣੇ ਦੀ ਲੋਅ ਵਿੱਚ ਅਕਾਦਮਿਕ ਸਾਲ 2013-14 ਵਿੱਚ +2 ਸ਼੍ਰੇਣੀ ਵਿੱਚ ਆਰਜ਼ੀ ਦਾਖ਼ਲੇ ਦੇ ਯੋਗ ਮੰਨਦੇ ਹੋਏ 4 ਸਤੰਬਰ 2013 ਤੱਕ +2 ਸ਼੍ਰੇਣੀ ਵਿੱਚ ਦਾਖਲਾ ਲੈਣ ਦੀ ਆਗਿਆ ਦਿੱਤੀ ਜਾਂਦੀ ਹੈ।
   - ਸਤੰਬਰ 2013 ਦੇ ਸਪੈਸ਼ਲ ਚਾਂਸ ਅਧੀਨ ਨਤੀਜਾ ਪਾਸ ਹੋਣ ਦੀ ਸੂਰਤ ਵਿੱਚ ਵਿਦਿਆਰਥੀਆਂ ਦੇ +2 ਸ਼੍ਰੇਣੀ ਵਿੱਚ ਆਰਜ਼ੀ ਦਾਖ਼ਲੇ ਨੂੰ ਜਾਰੀ ਰੱਖਦੇ ਹੋਏ ਰੈਗੂਲਰ ਦਾਖ਼ਲੇ ਵੱਜੋਂ ਮੰਨਣਾ ਯੋਗ ਹੋਵੇਗਾ ਅਤੇ ਉਹ ਪ੍ਰੀਖਿਆਰਥੀ ਮਾਰਚ 2014 ਵਿੱਚ ਬਾਰ੍ਹਵੀਂ ਦੀ ਪ੍ਰੀਖਿਆ ਦੇਣ ਲਈ ਯੋਗ ਹੋਣਗੇ।
   - ਸਤੰਬਰ 2013 ਵਿੱਚ ਅਪੀਅਰ ਹੋਏ ਇਹ ਪ੍ਰੀਖਿਆਰਥੀ ਮਾਰਚ 2014 ਲਈ +2 ਦੇ ਪ੍ਰੀਖਿਆ ਫ਼ਾਰਮ ਭਰ ਸਕਦੇ ਹਨ, ਪਰੰਤੂ ਸਤੰਬਰ 2013 ਵਿੱਚ ਮੈਟ੍ਰਿਕ ਸ਼੍ਰੇਣੀ (ਸਪੈਸ਼ਲ ਚਾਂਸ) ਵਿੱਚ ਫੇਲ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਦਾ +1 ਸ਼੍ਰੇਣੀ ਦਾ ਨਤੀਜਾ ਸਕੂਲ ਵੱਲੋਂ ਘੋਸ਼ਿਤ ਨਹੀਂ ਕੀਤਾ ਜਾਵੇਗਾ ਅਤੇ +2 ਸ਼੍ਰੇਣੀ ਦਾ ਦਾਖ਼ਲਾ ਰੱਦ ਸਮਝਿਆ ਜਾਵੇਗਾ (ਇਸ ਸੰਬੰਧੀ +2 ਵਿੱਚ ਆਰਜ਼ੀ ਦਾਖ਼ਲੇ ਦੇ ਸਮੇਂ ਪ੍ਰਿੰਸੀਪਲ ਵੱਲੋਂ ਵਿਦਿਆਰਥੀ ਤੋਂ undertaking ਲੈ ਲਈ ਜਾਵੇ।) ਅਤੇ ਇਹ ਵਿਦਿਆਰਥੀ ਮੁੜ ਮੈਟ੍ਰਿਕ ਸ਼੍ਰੇਣੀ ਵਿੱਚ ਦਾਖ਼ਲੇ ਦੇ ਯੋਗ ਹੋਣਗੇ।

2. ਸਤੰਬਰ 2010 ਵਿੱਚ ਪਹਿਲੀ ਵਾਰ ਮੈਟ੍ਰਿਕ ਦੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀ, ਜੋ ਕਿ ਨਿਰਧਾਰਿਤ ਦੋ ਮੌਕਿਆਂ ਵਿੱਚ ਅਤੇ ਮਾਰਚ 2013 ਵਿੱਚ ਦਿੱਤੇ ਸਪੈਸ਼ਲ ਚਾਂਸ ਅਧੀਨ ਵੀ ਮੈਟ੍ਰਿਕ ਪਰੀਖਿਆ ਪਾਸ ਨਹੀਂ ਕਰ ਸਕੇ, ਕੇਵਲ ਉਹਨਾਂ ਵਿਦਿਆਰਥੀਆਂ ਨੂੰ ਬੋਰਡ ਵੱਲੋਂ ਸਤੰਬਰ 2013 ਵਿੱਚ ਦਿੱਤੇ ਸਪੈਸ਼ਲ ਚਾਂਸ ਦੇ ਨਿਰਣੇ ਦੀ ਲੋਅ ਵਿੱਚ ਅਕਾਦਮਿਕ ਸਾਲ 2013-14 ਵਿੱਚ +1 ਸ਼੍ਰੇਣੀ ਵਿੱਚ ਆਰਜ਼ੀ ਦਾਖ਼ਲੇ ਦੇ ਯੋਗ ਮੰਨਦੇ ਹੋਏ 4 ਸਤੰਬਰ 2013 ਤੱਕ +1 ਸ਼੍ਰੇਣੀ ਵਿੱਚ ਦਾਖਲਾ ਲੈਣ ਦੀ ਆਗਿਆ ਦਿੱਤੀ ਜਾਂਦੀ ਹੈ।

ਸਬੰਧਤ ਵਿਦਿਆਰਥੀਆਂ ਦੇ ਰਜਿਸਟਰੇਸ਼ਨ ਅਤੇ ਕੰਟੀਨਿਊਏਸ਼ਨ ਫਾਰਮ ਬੋਰਡ ਦੇ ਮੁੱਖ ਦਫ਼ਤਰ ਵਿੱਚ ਮਿਤੀ 10 ਸਤੰਬਰ 2013 ਤੱਕ ਜਮ੍ਹਾਂ ਕੀਤੇ ਜਾਣਗੇ।

ਡਾਇਰੈਕਟਰ (ਅਕਾਦਮਿਕ)

O/C.